# ਖ਼ਰੀਦ ਸ਼ਕਤੀ

ਜਦੋਂ ਵੀ ਲੋਕਾਂ ਦੇ ਮੰਦੇ ਹਾਲ ਦੀ ਗੱਲ ਚਲਦੀ ਹੈ ਤਾਂ ਹਾਕਮ ਟੋਲੇ ਦੇ ਨੁਮਾਇੰਦੇ ਅਤੇ ਅਰਥ ਸ਼ਾਸਤਰੀ ਦਲੀਲਾਂ ਦਿੰਦੇ ਹਨ ਕਿ ਹਿੰਦੁਸਤਾਨ ਵਿਚ ਕਿਸੇ ਵੀ ਚੀਜ਼ ਦੀ ਘਾਟ ਨਹੀਂ ਪਰ ਲੋਕਾਂ ਕੋਲ ਚੀਜ਼ਾਂ ਨੂੰ ਖਰੀਦਣ ਦੀ ਤਾਕਤ ਨਾ ਹੋਣ ਕਰਕੇ ਹੀ ਉਨ੍ਹਾਂ ਦਾ ਹਾਲ ਭੈੜਾ ਹੈ। ਇੰਦਰਾ ਗਾਂਧੀ ਵੀ ਕਈ ਵਾਰ ਆਪਣੀਆਂ ਤਕਰੀਰਾਂ ਵਿਚ ਕਿਹਾ ਕਰਦੀ ਸੀ ਕਿ ਹਿੰਦੁਸਤਾਨ ਵਿਚ ਕਿਸੇ ਚੀਜ਼ ਦੀ ਥੁੜ ਨ੍ਹਹੀਂ ਹੈ ਪਰ ਮਸਲਾ ਇਹ ਹੈ ਕਿ ਆਮ ਲੋਕਾਂ ਕੋਲ ਵਸਤਾਂ ਖਰੀਦਣ ਦੀ ਤਾਕਤ ਨਹੀਂ ਹੈ।

ਸਵਾਲ ਉਠਦਾ ਹੈ ਕਿ ਮਜ਼ਦੂਰ ਕੋਲ ਖ਼ਰੀਦ ਸ਼ਕਤੀ ਕਿਉਂ ਨਹੀਂ? ਕਿਸਾਨ ਕੋਲ ਕਿਉਂ ਨਹੀਂ ਅਤੇ ਆਮ ਸ਼ਹਿਰੀ ਕੋਲ ਕਿਉਂ ਨਹੀਂ? ਚੀਜ਼ਾਂ ਨਾਲ ਗੋਦਾਮ ਭਰੇ ਰਹਿੰਦੇ ਹਨ ਪਰ ਲੋਕਾਂ ਦਾ ਭੈੜਾ ਹਾਲ ਹੈ। ਅਨਾਜ ਦੇ ਗੋਦਾਮ ਭਰੇ ਪਏ ਹਨ ਪਰ ਲੋਕ ਭੁਖੇ ਮਰ ਰਹੇ ਹਨ। ਇਹ ਖਰੀਦ ਸ਼ਕਤੀ ਕੀ ਬਲਾ ਹੈ? ਇਹ ਆਮ ਆਦਮੀ ਕੋਲ ਕਿਉਂ ਨਹੀਂ?

ਸਤਾਰਵੀਂ ਅਠਾਰਵੀਂ ਸਦੀ ਦੇ ਯੂਰਪ ਵਿਚ ਜੋ ਅਰਥਚਾਰਾ ਵਜੂਦ ਵਿਚ ਆਇਆ, ਅਤੇ ਅੱਜ ਤਕਰੀਬਨ ਸਾਰੀ ਦੁਨੀਆਂ ਵਿਚ ਚਲ ਰਿਹਾ ਹੈ, ਉਹਦੀ ਇਕ ਬੁਨਿਆਦੀ ਖ਼ਾਸੀਅਤ ਇਹ ਹੈ ਕਿ ਇਹ ਰਾਜਤੰਤ੍ਰ ਨੂੰ ਵਰਤ ਕੇ ਸਾਰੇ ਕੁਦਰਤੀ ਵਸੀਲੇ ਸ਼ਹਿਰੀਆਂ ਦੇ ਹੱਥਾਂ ਵਿਚੋਂ ਖੋਹ ਲੈਂਦਾ ਹੈ ਅਤੇ ਇਕ ਖ਼ਾਸ ਟੋਲੇ ਦੇ ਹੱਥ ਵਿਚ ਫੜਾ ਦਿੰਦਾ ਹੈ ਜੋ ਸਰਮਾਏਦਾਰਾਂ ਦਾ ਟੋਲਾ ਹੈ। ਇਹ ਟੋਲਾ ਇਨ੍ਹਾਂ ਸਾਰਿਆਂ ਵਸੀਲਿਆਂ ਨੂੰ ਆਪਣੀ ਮਨ ਮਰਜ਼ੀ ਮੁਤਾਬਿਕ ਆਪਣੇ ਮੁਨਾਫੇ ਵਧਾਉਣ ਲਈ ਵਰਤਦਾ ਹੈ ਅਤੇ ਆਮ ਲੋਕਾਂ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਵੇਚਦਾ ਹੈ। ਪਹਿਲਾਂ ਇਹ ਟੋਲਾ ਲੋਕਾਂ ਦੇ ਕੁਦਰਤੀ ਵਸੀਲੇ ਹਥਿਆ ਕੇ ਉਨ੍ਹਾਂ ਨੂੰ ਪੂਰੀ ਤਰਾਂ ਆਪਣੇ ਕੰਟਰੋਲ ਵਿਚ ਕਰ ਲੈਂਦਾ ਹੈ ਤੇ ਫਿਰ ਲੋਕਾਂ ਦੀ ਹੀ ਮਿਹਨਤ ਨਾਲ ਪੈਦਾ ਕੀਤੀਆਂ ਗਈਆਂ ਵਸਤਾਂ ਨੂੰ ਆਪਣੀ ਮਨ ਮਰਜ਼ੀ ਦੀ ਕੀਮਤ ਉਤੇ ਲੋਕਾਂ ਕੋਲ ਹੀ ਵੇਚਦਾ ਹੈ। ਜੇ ਕਿਸੇ ਕੋਲੇ ਇਹ ਕੀਮਤ ਤਾਰਨ ਦੀ ਜਾਂ ਖਰੀਦਣ ਦੀ ਤਾਕਤ ਨਹੀਂ ਤਾਂ ਉਸਦਾ ਰੱਬ ਹੀ ਮਾਲਕ ਹੈ। ਉਸ ਨੂੰ ਭੁਖਮਾਰੀ ਅਤੇ ਬੀਮਾਰੀ ਦਾ ਸ਼ਿਕਾਰ ਬਣਨ ਲਈ ਛੱਡ ਦਿਤਾ ਜਾਂਦਾ ਹੈ। ਇਹ ਖਰੀਦ ਸ਼ਕਤੀ ਇਸ ਅਰਥਚਾਰੇ ਦਾ ਇਕ ਇਹੋ ਜਿਹਾ ਵਿਚੋਲਾ ਹੈ ਜਿਸ ਤੋਂ ਬਗੈਰ ਲੋਕ ਆਪਣੇ ਹੀ ਵਸੀਲਿਆਂ ਤੋਂ, ਆਪਣੀ ਹੀ ਮਿਹਨਤ ਨਾਲ, ਪੈਦਾ ਕੀਤੀ ਹੋਈ ਪੈਦਾਵਾਰ ਅਤੇ ਦੌਲਤ ਤੋਂ ਵਾਂਝੇ ਕਰ ਦਿੱਤੇ ਜਾਂਦੇ ਹਨ ਅਤੇ ਆਪਣੀਆਂ ਲੋੜਾਂ ਦੀ ਪੂਰਤੀ ਨਹੀਂ ਕਰ ਸਕਦੇ।

ਅੰਗ੍ਰੇਜ਼ ਨੇ ਇਹ ਅਰਥਚਾਰਾ ਹਿੰਦੁਸਤਾਨ ਦੀ ਲੁੱਟ ਕਰਨ ਲਈ ਹੀ ਹਿੰਦੁਸਤਾਨ ਉਤੇ ਥੱਪਿਆ ਅਤੇ ਇਸ ਨੂੰ ਥੱਪਣ ਲਈ ਇਕ ਨਵਾਂ ਰਾਜਤੰਤ੍ਰ ਬਣਾਇਆ ਸੀ। ਇਸ ਰਾਜਤੰਤ੍ਰ ਨੇ ਡੰਡੇ ਦੇ ਜ਼ੋਰ ਨਾਲ ਪਹਿਲਾਂ ਲੋਕਾਂ ਦੇ ਕੁਦਰਤੀ ਵਸੀਲੇ ਖੋਹ ਕੇ ਆਪਣੇ ਹੱਥ ਵਿਚ ਲੈ ਲਏ ਅਤੇ ਫਿਰ ਇਕ ਖ਼ਾਸ ਟੋਲੇ ਦੇ ਹੱਥ ਵਿਚ ਫੜਾ ਦਿਤੇ ਜੋ ਅੰਗ੍ਰੇਜ਼ ਅਤੇ ਉਨ੍ਹਾਂ ਦੇ ਪਿੱਠੂ ਸਨ। ਇਨ੍ਹਾਂ ਅੰਗਰੇਜ਼ ਪਿਠੂਆਂ ਨੇ ਅੰਗ੍ਰੇਜ਼ ਦੀ ਹਿੰਦੁਸਤਾਨ ਵਿਚ ਆਪਣੇ ਪੈਰ ਜਮਾਉਣ ਵਿਚ ਮਦਦ ਕੀਤੀ ਅਤੇ ਇਸ ਅਰਥਚਾਰੇ ਸਦਕਾ ਆਪਣੇ ਖ਼ਜ਼ਾਨੇ ਭਰ ਲਏ। ਪਿੰਡਾਂ ਅਤੇ ਸ਼ਹਿਰਾਂ ਦੀ ਜ਼ਮੀਨ, ਪਾਣੀ, ਜੰਗਲ, ਖਾਨਾਂ ਅਤੇ ਹੋਰ ਸਾਰੇ ਕੁਦਰਤੀ ਸੋਮੇ ਅੰਗ੍ਰੇਜ਼ ਨੇ ਲੋਕਾਂ ਤੋਂ ਖੋਹ ਕੇ ਯੂਰਪ ਵਾਂਗ ਹੀ ਆਪਣੇ ਹੱਥਾਂ ਹੇਠ ਕਰ ਲਏ ਅਤੇ ਆਪਣੇ ਝੋਲੀਚੁਕਾਂ ਨੂੰ ਵੀ ਬਖ਼ਸ਼ੇ।

ਜਦ ਸਾਰੇ ਕੁਦਰਤੀ ਸਾਧਨ ਉਪਰਲਿਆਂ ਦੇ ਹੱਥ ਚਲੇ ਗਏ ਤਾਂ ਹੁਣ ਹਰੇਕ ਹਿੰਦੁਸਤਾਨੀ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਅੰਗ੍ਰੇਜ਼ ਅਤੇ ਉਸਦੇ ਝੋਲੀਚੁਕਾਂ ਨੂੰ ਮੁਲ ਤਾਰਨਾਂ ਹੀ ਪੈਣਾ ਸੀ। ਇਹ ਪੈਸਾ ਕਿੱਥੋਂ ਆਵੇਗਾ? ਇਹ ਪੈਸਾ ਸਿਰਫ਼ ਉਨ੍ਹਾਂ ਕੁਝ ਕੁ ਲੋਕਾਂ ਕੋਲ ਹੀ ਸੀ ਜੋ ਅੰਗ੍ਰੇਜ਼ਾਂ ਦੀ ਜਾਂ ਉਨ੍ਹਾਂ ਦੇ ਝੋਲੀਚੁਕਾਂ ਦੀ ਮੁਸ਼ੱਕਤ ਮਜੂਰੀ ਕਰਦੇ ਸਨ। ਇਨ੍ਹਾਂ ਲੋਕਾਂ ਦੀ ਗਿਣਤੀ ਬਹੁਤ ਹੀ ਘੱਟ ਸੀ। ਇਨ੍ਹਾਂ ਦੀ ਤਨਖ਼ਾਹ ਵੀ ਸਿਰਫ਼ ਐਨੀ ਕੁ ਹੀ ਮਿਥੀ ਜਾਂਦੀ ਸੀ ਕਿ ਮੁਸ਼ਕਲ ਨਾਲ ਆਪਣਾ ਗੁਜ਼ਾਰਾ ਹੀ ਕਰ ਸਕਣ ਅਤੇ ਅੰਗ੍ਰੇਜ਼ ਦੀ ਗੁਲਾਮੀ ਲਈ ਮਜਬੂਰ ਰਹਿਣ। ਇਸ ਗੁਲਾਮੀ ਬਦਲੇ ਇਨ੍ਹਾਂ ਕੋਲ ਖਰੀਦਣ ਦੀ ਤਾਕਤ ਆਂਉਦੀ ਸੀ। ਪਰ ਬਾਕੀ ਖ਼ਲਕਤ, ਜੋ ਇਹ ਗੁਲਾਮੀ ਨਹੀਂ ਸੀ ਕਰਦੀ ਜਾਂ ਅੰਗ੍ਰੇਜ਼ ਅਤੇ ਉਨ੍ਹਾਂ ਦੇ ਝੋਲੀਚੁਕਾਂ ਦੀ ਨੌਕਰੀ ਨਹੀਂ ਸੀ ਕਰਦੀ, ਉਨ੍ਹਾਂ ਨੂੰ ਆਪਣੇ ਹਾਲ ਤੇ ਮਰਨ ਲਈ ਛੱਡ ਦਿਤਾ ਗਿਆ ਜਿਹਦੇ ਕਰਕੇ ਕਰੋੜਾਂ ਹੀ ਲੋਕ ਭੁਖ ਅਤੇ ਬਿਮਾਰੀ ਦੇ ਸ਼ਿਕਾਰ ਹੋਏ । 1946 ਦੇ ਕਾਲ ਅਤੇ ਉਸ ਤੋਂ ਪਹਿਲਾਂ ਦੇ ਕਈ ਕਾਲਾਂ ਵਿਚ ਕਰੋੜਾਂ ਹੀ ਲੋਕ ਮਰ ਗਏ ਸਨ ਜਦ ਕਿ ਫਸਲਾਂ ਬਹੁਤ ਚੰਗੀਆਂ ਹੋਈਆਂ ਸਨ। ਇਹ ਕਰੋੜਾਂ ਲੋਕ ਇਸ ਕਰਕੇ ਭੁਖ ਨਾਲ ਨਹੀ ਮਰੇ ਕਿ ਅਨਾਜ ਦੀ ਥੁੜ ਸੀ, ਸਗੋਂ ਇਸ ਕਰਕੇ ਮਰੇ ਕਿ ਉਨ੍ਹਾਂ ਕੋਲ ਅਨਾਜ ਖਰੀਦਣ ਦੀ ਤਾਕਤ ਨਹੀਂ ਸੀ।

ਅੰਗ੍ਰੇਜ਼ ਜਦੋਂ ਹਿੰਦੁਸਤਾਨ ਛੱਡਣ ਨੂੰ ਮਜਬੂਰ ਹੋ ਗਿਆ ਤਾਂ 1947 ਵਿਚ ਆਪਣੇ ਇਸ ਰਾਜਤੰਤ੍ਰ ਦੀ ਵਾਗਡੋਰ ਆਪਣੇ ਝੋਲੀਚੁਕਾਂ ਦੇ ਹੱਥਾਂ ਵਿਚ ਫੜਾ ਗਿਆ। ਅੰਗ੍ਰੇਜ਼ ਦੇ ਝੋਲੀਚੁਕਾਂ ਅਤੇ ਸਾਂਝੀਦਾਰਾਂ ਦੀਆਂ ਮੌਜਾਂ ਲੱਗ ਗਈਆਂ। ਸਾਰੇ ਹਿੰਦੁਸਤਾਨ ਦੇ ਕੁਦਰਤੀ ਵਸੀਲੇ, ਜ਼ਮੀਨ, ਜੰਗਲ, ਪਾਣੀ, ਅਤੇ ਧਰਤੀ ਹੇਠਲੀਆਂ ਹੋਰ ਸਾਰੀਆਂ ਦੌਲਤਾਂ ਹੁਣ ਉਨ੍ਹਾਂ ਦੇ ਹੱਥ ਵਿਚ ਆ ਗਈਆਂ। ਇਨ੍ਹਾਂ ਨੇ ਵੀ ਅੰਗ੍ਰੇਜ਼ਾਂ ਵਾਲਾ ਅਰਥਚਾਰਾ ਹੀ ਜਾਰੀ ਰਖਿਆ ਕਿਉਂਕਿ ਇਸ ਨਾਲ ਇਨ੍ਹਾਂ ਨੂੰ

ਬਹੁਤ ਫ਼ਾਇਦਾ ਸੀ, ਮੁਨਾਫੇ ਸੈਂਕੜੇ ਗੁਣਾ ਵੱਧ ਗਏ ਸਨ। ਉਸ ਵੇਲੇ ਇਨਕਲਾਬ ਦੀ ਚੜ੍ਹਤ ਦਾ ਦੌਰ ਸੀ ਤੇ ਹਿੰਦੁਸਤਾਨ ਦੇ ਲੋਕਾਂ ਵਿਚ ਵੀ ਇਨਕਲਾਬ ਤੇ ਸਮਾਜਵਾਦ ਲਈ ਅਥਾਹ ਜਜ਼ਬਾ ਸੀ। ਅੰਗਰੇਜ਼ਾਂ ਦੇ ਪਿਛੇ ਛੱਡੇ ਹੋਏ ਇਨ੍ਹਾਂ ਝੋਲੀਚੁਕਾਂ ਨੇ ਕੌਮੀ ਅਤੇ ਅੰਤ੍ਰਰਾਸ਼ਟਰੀ ਹਾਲਾਤ ਦੀਆਂ ਮਜਬੂਰੀਆਂ ਕਰਕੇ ਇਸ ਅਰਥਚਾਰੇ ਤੇ ਸਿਸਟਮ ਨੂੰ ਹੀ ਸੋਸ਼ਲਿਜ਼ਮ ਕਹਿਣਾ ਸ਼ੁਰੂ ਕਰ ਦਿਤਾ। ਇਸ ਨਹਿਰੂਵਾਦੀ ਸਮਾਜਵਾਦ ਦੀ ਹਮੈਤ ਵਿਚ ਹਿੰਦੁਸਤਾਨ ਦੀ ਕਮਿਉਨਿਸਟ ਪਾਰਟੀ ਵੀ ਉਤਰ ਪਈ। ਸਮਾਜਵਾਦ ਦੇ ਨਾਅਰੇ ਜ਼ਰੂਰ ਲਗਦੇ ਰਹੇ ਪਰ ਲੋਕਾਂ ਕੋਲ ਪਹਿਲਾਂ ਵਾਂਗ ਹੀ ਖ਼ਰੀਦ ਸ਼ਕਤੀ ਦੀ ਅਣਹੋਂਦ ਰਹੀ ਅਤੇ ਉਨ੍ਹਾਂ ਨੂੰ ਭੁਖ, ਬੀਮਾਰੀ ਅਤੇ ਜਹਾਲਤ ਦਾ ਸਾਮ੍ਹਣਾ ਕਰਨ ਲਈ ਛੱਡ ਦਿਤਾ ਗਿਆ। 1964 ਦਾ ਕਾਲ ਇਸ ਦਾ ਨਤੀਜਾ ਸੀ। ਅੰਗਰੇਜ਼ਾਂ ਦੇ ਸਮੇਂ ਵਾਂਗ ਹੀ ਗੋਦਾਮਾਂ ਵਿਚ ਅਨਾਜ ਸੜ ਰਿਹਾ ਸੀ ਪਰ ਲੋਕ ਭੁਖ ਨਾਲ ਮਰ ਰਹੇ ਸੀ ਕਿਉਂਕਿ ਉਨ੍ਹਾਂ ਕੋਲ ਖ਼ਰੀਦਣ ਦੀ ਤਾਕਤ ਨਹੀਂ ਸੀ।

ਅੰਗਰੇਜ਼ਾਂ ਦੇ ਜਾਣ ਦੇ 59 ਸਾਲ ਬਾਅਦ ਅੱਜ ਵੀ ਪੰਜਾਬ, ਆਂਧਰਾ, ਮਹਾਂਰਾਸ਼ਟਰ ਅਤੇ ਹੋਰਨਾਂ ਥਾਂਵਾਂ ਤੇ ਕਿਸਾਨ ਹਜ਼ਾਰਾਂ ਦੀ ਤਾਦਾਦ ਵਿਚ ਖ਼ੁਦਕਸ਼ੀ ਕਰ ਰਹੇ ਹਨ ਕਿਉਂਕਿ ਉਨ੍ਹਾਂ ਕੋਲ ਚੀਜ਼ਾਂ ਖ਼ਰੀਦਣ ਦੀ ਤਾਕਤ ਨਹੀਂ। ਇਸੇ ਤਰਾਂ ਸ਼ਹਿਰਾਂ ਅਤੇ ਕਸਬਿਆਂ ਵਿਚ ਮਜ਼ਦੂਰਾਂ, ਕਰਮਚਾਰੀਆਂ ਤੇ ਹੋਰਨਾਂ ਲੋਕਾਂ ਦਾ ਭੈੜਾ ਹਾਲ ਹੈ। ਕਪੜਾ ਮਿੱਲਾਂ ਦੇ ਮਜ਼ਦੂਰ ਅਤੇ ਉਨ੍ਹਾਂ ਦੇ ਟੱਬਰ ਨੰਗੇ ਫਿਰਦੇ ਹਨ। ਵੱਡੀਆਂ ਵੱਡੀਆਂ ਇਮਾਰਤਾਂ ਬਣਾਉਣ ਵਾਲੇ ਮਜ਼ਦੂਰ ਅਤੇ ਕਾਰੀਗਰ ਫ਼ੁਟਪਾਥਾਂ ਅਤੇ ਝੁੱਗੀਆਂ ਵਿਚ ਸੌਂਦੇ ਹਨ ਕਿਉਂਕਿ ਉਨ੍ਹਾਂ ਕੋਲ ਆਪਣੇ ਹੀ ਹੱਥਾਂ ਨਾਲ ਬਣਾਈਆਂ ਹੋਈਆਂ ਇਮਾਰਤਾਂ ਵਿਚ ਰਹਿਣ ਦੀ ਖਰੀਦ ਸ਼ਕਤੀ ਨਹੀਂ।

ਐਸ ਵੇਲੇ ਸਮਾਜ ਅਤੇ ਲੋਕਾਂ ਕੋਲ ਕੋਈ ਤਾਕਤ ਨਹੀਂ ਜੋ ਇਸ ਅਰਥਚਾਰੇ ਅਤੇ ਰਾਜਤੰਤ੍ਰ ਵਲੋਂ ਹੋ ਰਹੀ ਇਸ ਲੁੱਟ ਨੂੰ ਬੰਦ ਕਰ ਸਕੇ। ਰਾਜਤੰਤ੍ਰ ਨੇ ਇਹ ਸਾਰੀ ਤਾਕਤ ਉਨ੍ਹਾਂ ਤੋਂ ਖੋਹ ਲਈ ਹੈ। ਉਨ੍ਹਾਂ ਕੋਲ ਸਿਰਫ਼ ਉਨ੍ਹਾਂ ਦੀ ਏਕਤਾ ਅਤੇ ਸੂਝ ਹੀ ਹੈ। ਪਰ ਇਹ ਦੋ ਹਥਿਆਰ ਐਟਮੀ ਬੰਬਾਂ ਨਾਲੋਂ ਵੀ ਜ਼ਿਆਦਾ ਤਾਕਤਵਰ ਹਨ। ਆਪਣੀ ਏਕਤਾ ਅਤੇ ਸੂਝ ਨਾਲ ਉਹ ਇਸ ਅਰਥਚਾਰੇ ਅਤੇ ਰਾਜਤੰਤ੍ਰ ਦੀ ਅੰਗ੍ਰੇਜ਼ ਅਤੇ ਉਸਦੇ ਸਾਂਝੀਦਾਰਾਂ ਵਲੋਂ ਥੱਪੀ ਹੋਈ ਤਾਨਾਸ਼ਾਹੀ ਖ਼ਤਮ ਕਰ ਸਕਦੇ ਹਨ। ਇਹ ਤਾਨਾਸ਼ਾਹੀ ਖ਼ਤਮ ਕਰਕੇ ਹੀ ਉਹ ਇਕ ਨਵੀਂ ਉਸਾਰੀ ਕਰ ਸਕਦੇ ਹਨ ਜਿਸ ਵਿਚ ਕੁਦਰਤੀ ਵਸੀਲਿਆਂ ਅਤੇ ਮਿਹਨਤ ਨਾਲ ਪੈਦਾ ਕੀਤੀਆਂ ਹੋਈਆਂ ਚੀਜ਼ਾਂ ਨੂੰ ਵਰਤਣ ਲਈ ਉਨ੍ਹਾਂ ਨੂੰ ਕਿਸੇ ਖਰੀਦ ਸ਼ਕਤੀ ਦੀ ਲੋੜ ਨਹੀਂ ਰਹੇਗੀ। ਖ਼ਰੀਦ ਸ਼ਕਤੀ ਦੀ ਇਸ ਤਾਨਾਸ਼ਾਹੀ ਨੂੰ ਖ਼ਤਮ ਕੀਤੇ ਬਗੈਰ ਸਮਾਜ ਅਤੇ ਵਿਅਕਤੀ ਦਾ ਭਲਾ ਨਹੀਂ ਹੋ ਸਕਦਾ। ਖ਼ਰੀਦ ਸ਼ਕਤੀ ਅੰਗ੍ਰੇਜ਼ ਅਤੇ ਸਾਮਰਾਜ  ਵਲੋਂ ਫੈਲਾਇਆ ਹੋਇਆ ਇਕ ਕੋਹੜ ਹੈ ਜਿਸਨੂੰ ਖ਼ਤਮ ਕਰਕੇ ਹੀ ਲੋਕਾਂ ਦਾ ਹਾਲ ਬਿਹਤਰ ਹੋ ਸਕਦਾ ਹੈ।